INTERNATIONAL JOURNAL OF NOVEL RESEARCH AND DEVELOPMENT (IJNRD)
© 2026 IJNRD | Volume 11, Issue 8, August 2026 | ISSN: 2456-4184 | IJNRD.ORG

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਨੈਤਿਕ ਤੇ ਅਧਿਆਤਮਕ ਸੰਦੇਸ਼

**ਡਾਕਟਰ ਸੁਖਜਿੰਦਰ ਕੌਰ**

**ਸਹਾਇਕ ਪ੍ਰੋਫੈਸਰ ਪੰਜਾਬੀ**

**ਮਾਤਾ ਸਾਹਿਬ ਕੌਰ ਖਾਲਸਾ**

**ਤਲਵੰਡੀ ਭਾਈ**

**Sukhjiderkaur1443@gmail.com**

ਨੈਤਿਕਤਾ ਦਾ ਸਬੰਧ ਸਦਾਚਾਰ ਨਾਲ ਹੈ। ਨੈਤਿਕਤਾ ਮਨੁੱਖੀ ਜੀਵਨ ਨੂੰ ਆਤਮਕ ਤੇ ਅਧਿਆਤਮਕ ਪੱਧਰ ਤੇ ਉੱਚਾ ਸੁੱਚਾ ਬਣਾਉਣ ਲਈ ਇੱਕ ਸੱਚੀ ਜੀਵਨ ਜਾਂਚ ਹੈ। ਇਸ ਕਰਕੇ ਦੁਨੀਆਂ ਦੇ ਹਰੇਕ ਧਰਮ ਵਿੱਚ ਨੈਤਿਕਤਾ ਨੂੰ ਹੱਤਾ ਪੂਰਨ ਸਥਾਨ ਹਾਸਲ ਹੈ। ਹਰ ਇੱਕ ਧਰਮ ਵਿੱਚ ਨੈਤਿਕਤਾ ਨੂੰ ਅਪਣਾਉਣ ਉੱਤੇ ਜੋਰ ਦਿੱਤਾ ਜਾਂਦਾ ਹੈ। ਨੈਤਿਕਤਾ ਦਾ ਸਬੰਧ ਮਨੁੱਖ ਦੀ ਵਿਵਹਾਰਕ ਜਿੰਦਗੀ ਨਾਲ ਵੀ ਹੈ ਮਨੁੱਖ ਵਿਚਲੇ ਨੈਤਿਕ ਗੁਣਾਂ ਨੂੰ ਪਛਾਣ ਕੇ ਹੀ ਅਸੀਂ ਕਿਸੇ ਵਿਅਕਤੀ ਦੀ ਸ਼ਖਸ਼ੀਅਤ ਨੂੰ ਸਹੀ ਅਰਥਾਂ ਵਿੱਚ ਪਛਾਣ ਸਕਦੇ ਹਾਂ। ਕੋਈ ਵੀ ਧਰਮ ਨੈਤਿਕ ਮੁੱਲਾਂ ਤੋਂ ਬਗੈਰ ਬਰਕਰਾਰ ਨਹੀਂ ਰਹਿ ਸਕਦਾ। ਕਿਸੇ ਧਰਮ ਜਾਂ ਵਿਅਕਤੀ ਦੇ ਨੈਤਿਕ ਮੁੱਲਾਂ ਨੂੰ ਪਰਖ ਕੇ ਹੀ ਅਸੀਂ ਉਸਦੇ ਗਲਤ ਜਾਂ ਠੀਕ ਹੋਣ ਦੀ ਪਹਿਚਾਣ ਕਰ ਸਕਦੇ ਹਾਂ। ਨੈਤਿਕਤਾ ਦੇ ਸਬੰਧ ਵਿੱਚ ਡਾਕਟਰ ਕ੍ਰਿਸ਼ਨ ਕਲਸੀਆਂ ਨੇ ਲਿਖਿਆ ਹੈ :- "ਮਨੁੱਖ ਸਦਾਚਾਰ ਜਾਂ ਨੈਤਿਕਤਾ ਅਜਿਹੀ ਸ਼ਕਤੀ ਹੈ, ਜਿਹੜੀ ਨੂੰ ਸਰਵ ਪੱਖੀ ਸੰਪੂਰਨਤਾ ਪ੍ਰਾਪਤ ਕਰਨ ਵਿੱਚ ਸਹਾਈ ਹੁੰਦੀ ਹੈ! ਇਹ ਸ਼ਕਤੀ ਕੁਝ ਵਿਅਕਤੀਗਤ ਅਤੇ ਸਮੂਹਿਕ ਨਿਯਮਾਂ ਤੇ ਨਿਰਭਰ ਕਰਦੀ ਹੈ। ਜਿਨਾਂ ਦੀ ਪਾਲਣਾ ਨਾਲ ਮਨੁੱਖ ਇਕ ਉੱਤਮ ਨਾਗਰਿਕ ਬਣ ਸਕਦਾ ਹੈ। ਨੈਤਿਕਤਾ ਨੂੰ ਭਾਰਤੀ ਸੱਭਿਆਚਾਰ ਅਤੇ ਸੰਸਕ੍ਰਿਤੀ ਵਿੱਚ ਮਹੱਤਵਪੂਰਨ ਸਥਾਨ ਪ੍ਰਾਪਤ ਹੈ"**1**

ਨੈਤਿਕਤਾ ਨੂੰ ਪੁਰਾਣੇ ਸਮੇਂ ਤੋਂ ਹੀ ਇੱਕ ਗੁਣਕਾਰੀ ਸ਼ਕਤੀ ਮੰਨਿਆ ਗਿਆ ਹੈ। ਇਹ ਇੱਕ ਤਰ੍ਹਾਂ ਦਾ ਵਿਗਿਆਨ ਹੀ ਹੈ ਜਿਸ ਤੋਂ ਅਸੀਂ ਮਨੁੱਖੀ ਵਿਵਹਾਰ ਦੇ ਠੀਕ ਜਾਂ ਗਲਤ ਹੋਣ ਦਾ ਪਤਾ ਲਗਾ ਸਕਦੇ ਹਾਂ, ਡਾਕਟਰ ਮੂਰ ਅਨੁਸਾਰ

" ਨੀਤੀ ਸ਼ਸਤਰ ਚੰਗੇ ਬੁਰੇ ਠੀਕ ਤੇ ਗਲਤ ਦਾ ਅਧਿਐਨ ਹੈ"**2**

ਨੈਤਿਕਤਾ ਤੋਂ ਭਾਵ ਦੂਸਰਿਆਂ ਦਾ ਭਲਾ ਸੋਚਣਾ, ਕਿਸੇ ਦਾ ਹੱਕ ਨਾ ਮਾਰਨਾ, ਸੱਚ ਬੋਲਣ ਦਾ ਹੌਸਲਾ ਕਰਨਾ, ਜ਼ੁਲਮ ਨਾ ਕਰਨਾ ਤੇ ਨਾ ਹੀ ਸਹਿਣਾ ਅਤੇ ਸਭ ਨਾਲ ਪਿਆਰ ਕਰਨ ਤੋਂ ਹੈ। ਜੋ ਮਨੁੱਖ ਸਰਬੱਤ ਦਾ ਭਲਾ ਚਾਹੁੰਦਾ ਹੈ ਉਹ ਨੈਤਿਕਤਾ ਦੇ ਰਸਤੇ ਤੇ ਚਲਦਾ ਹੈ। ਨੈਤਿਕਤਾ ਦਾ ਅੰਤਰ ਮੁਖੀ ਪੱਖ ਮਨੁੱਖ ਦੇ ਆਤਮਕ ਵਿਕਾਸ ਨਾਲ ਸਬੰਧ ਰੱਖਦਾ ਹੈ ਤੇ ਬਾਹਰਮੁਖੀ ਪੱਖ ਦਾਸ ਸਬੰਧ ਦੁਨਿਆਵੀ ਤੇ ਪਦਾਰਥਕ ਚੀਜ਼ਾਂ ਨਾਲ ਹੈ। ਇਸ ਅੰਤਰ ਸਬੰਧ ਬਾਰੇ ਕ੍ਰਿਸ਼ਨ ਕਲਸੀਆ ਲਿਖਦੇ ਹਨ:-

" ਬ੍ਰਹਮੰਡਕ ਵਿਸ਼ਾਲਤਾ ਮਨੁੱਖੀ ਸਰੀਰ ਵਿੱਚ ਵਿਦਮਾਨ ਹੈ। ਇਸ ਵਿਸ਼ਾਲਤਾ ਨੂੰ ਸਰੀਰ ਵਿੱਚ ਸਮਝਣ ਲਈ ਜੋ ਸਾਧਨ ਅਥਵਾ ਢੰਗ ਹਨ ਉਹਨਾਂ ਨੂੰ ਸਦਾਚਾਰ ਦਾ ਨਾਮ ਦਿੱਤਾ ਹੈ। ਇਸ ਲਈ ਸਦਾਚਾਰ ਦਾ ਮੁੱਖ ਮੰਡਲ ਆਤਮ ਸਿੱਧੀ ਹੈ। ਪੱਛਮੀ ਚਿੰਤਕ ਵਧੇਰੇ ਜ਼ੋਰ ਸਦਾਚਾਰ ਦੇ ਸੰਸਾਰਕ ਪੱਖ ਤੇ ਦਿੰਦੇ ਹਨ। ਜਦੋਂ ਕਿ ਭਾਰਤੀ ਚਿੰਤਕ ਸਦਾਚਾਰ ਵਿੱਚ ਅਧਿਆਤਮਿਕ ਤੱਤ ਨੂੰ ਕੇਂਦਰੀ ਤੱਤ ਮੰਨ ਕੇ ਚਲਦੇ ਹਨ।"**3**

ਗੁਰਬਾਣੀ ਦੇ ਸਰੋਕਾਰਾਂ ਵਿੱਚ ਵੀ ਨੈਤਿਕਤਾ ਨੂੰ ਮਹੱਤਵਪੂਰਨ ਸਥਾਨ ਹਾਸਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਭਗਤਾਂ ਨੇ ਆਪਣੀ ਬਾਣੀ ਵਿੱਚ ਇਹ ਦ੍ਰਿੜ ਕਰਵਾਇਆ ਹੈ ਕਿ ਮਨੁੱਖੀ ਜੀਵਨ ਅਨਮੋਲ ਹੈ। ਇਹ ਜਨਮ ਵਾਰ-ਵਾਰ ਨਹੀਂ ਮਿਲਦਾ। ਇੱਕ ਮਨੁੱਖੀ ਜੀਵਨ ਹੀ ਜਿਹਾ ਜੀਵਨ ਹੈ ਜਿਸ ਰਾਹੀਂ ਆਤਮਾ ਦਾ ਪਰਮਾਤਮਾ ਨਾਲ ਮੇਲ ਸੰਭਵ ਹੈ। ਇਸ ਲਈ ਭਗਤ ਬਾਣੀ ਵਿੱਚ ਵੀ ਇਹ ਦਰਸਾਇਆ ਹੈ ਕਿ ਮਨੁੱਖੀ ਜੀਵਨ ਬਹੁਤ ਹੀ ਦੁਰਲਭ ਹੈ ਇਸ ਨੂੰ ਦੁਨਿਆਵੀ ਵਸਤੂਆਂ ਮਗਰ ਭੱਜ ਕੇ ਵਿਅਰਥ ਨਹੀਂ ਗਵਾਉਣਾ ਚਾਹੀਦਾ।

" ਦੁਲਭ ਜਨਮੁ ਪੁੰਨ ਫਲ ਪਾਇਓ
ਬਿਰਥਾ ਜਾਤ ਅਬਿਬੇਕੈ॥**4**

" ਗੁਰ ਸੇਵਾ ਤੇ ਭਗਤ ਕਮਾਈ ॥

ਤਬ ਇਹ ਮਾਨਸ ਦੇਹੀ ਪਾਈ ॥

ਇਸ ਦੇਹੀ ਕਉ ਸਿਮਰਹਿ ਦੇਵ ॥

ਸੋ ਦੇਹੀ ਭਜ ਹਰਿ ਕੀ ਸੇਵ॥5

ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੈਤਿਕ ਮੁੱਲਾਂ ਨੂੰ ਲਾਜ਼ਮੀ ਦੱਸ ਕੇ ਮਨੁੱਖੀ ਜੀਵਨ ਦੇ ਮਹੱਤਵ ਤੇ ਗੌਰਵ ਨੂੰ ਦ੍ਰਿੜ ਕਰਵਾਉਂਦੀ ਹੈ। ਇਹ ਮਨੁੱਖ ਮਾਤਰ ਨੂੰ ਸਿੱਖ ਨੈਤਿਕ ਅਚਾਰ ਵਿਹਾਰ ਗ੍ਰਹਿਣ ਕਰਨ ਦੀ ਪ੍ਰੇਰਨਾ ਦਿੰਦੀ ਹੈ। ਇਸ ਪਰਚੇ ਰਾਹੀਂ ਅਸੀਂ ਗੁਰੂ ਤੇਗ ਬਹਾਦਰ ਬਾਣੀ ਵਿੱਚ ਨੈਤਿਕ ਤੇ ਅਧਿਆਤਮਕ ਸੰਦੇਸ਼ ਬਾਰੇ ਗੱਲ ਕਰਾਂਗੇ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਨੁੱਖੀ ਜੀਵਨ ਦੀ ਨਾਸ਼ਮਾਨਤਾ ਤੋਂ ਲੈ ਕੇ ਉਸ ਦੀ ਮੁਕਤੀ ਤੱਕ ਫੈਲੀ ਹੋਈ ਹੈ। ਉਹ ਸਮਝਾਉਂਦੇ ਹਨ ਕਿ ਮਨੁੱਖੀ ਜੀਵਨ ਨਾਸ਼ਮਾਨ ਹੈ, ਜੋ ਧਰਤੀ ਤੇ ਆਇਆ ਹੈ ਉਸ ਨੂੰ ਇੱਕ ਦਿਨ ਚਲੇ ਜਾਣਾ ਹੈ।। ਉਸ ਦਾ ਜੀਵਨ ਧਰਤੀ ਤੇ ਇੱਕ ਸੁਪਨੇ ਵਾਂਗ ਹੈ, ਇਸ ਧਰਤੀ ਤੇ ਕੋਈ ਵੀ ਮਨੁੱਖ ਤੇ ਵਸਤੂ ਸਥਿਰ ਨਹੀਂ ਹੈ -:

" ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥

ਕਹੁ ਨਾਨਕ ਥਿਰੁ ਕੁਛ ਨਹੀ ਸੁਪਨੇ ਜਿਉ ਸੰਸਾਰੁ ॥

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥

ਇਹ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥6

ਗੁਰੂ ਜੀ ਨੇ ਆਪਣੀ ਬਾਣੀ ਵਿੱਚ ਨੈਤਿਕ ਉਚਾਰ ਨੂੰ ਸ਼ਿਸ਼ ਸਥਾਨ ਦਿੱਤਾ ਹੈ। ਇਹ ਚੰਗਾ ਤੇ ਉੱਚਾ ਆਚਾਰ ਵਿਹਾਰ ਹੀ ਮਨੁੱਖ ਨੂੰ ਅਧਿਆਤਮਕਤਾ ਦੇ ਰਸਤੇ ਤੇ ਲੈ ਜਾਣ ਵਿੱਚ ਮਦਦ ਕਰਦਾ ਹੈ। ਗੁਰੂ ਜੀ ਨੇ ਆਪਣੀ ਬਾਣੀ ਰਾਹੀਂ ਮਨੁੱਖ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਪੰਜ ਵਿਕਾਰ - ਕਾਮ,ਕ੍ਰੋਧ,ਲੋਭ,ਮੋਹ,ਹੰਕਾਰ,ਚੁਗਲੀ,ਪਰਾਈ ਔਰਤ ਆਦਿ ਸਭ ਦੁਨਿਆਵੀ ਚੀਜ਼ਾਂ ਹਨ। ਇਹਨਾਂ ਦੇ ਮਗਰ ਲੱਗ ਆਪਣਾ ਕੀਮਤੀ ਜੀਵਨ ਖਰਾਬ ਨਾ ਕਰੋ।ਪਰ ਇਹ ਸਭ ਕੁਝ ਤੋਂ ਤਾਂ ਹੀ ਛੁਟਕਾਰਾ ਹੋ ਸਕਦਾ ਹੈ,ਜੇ ਮਨੁੱਖ ਨੈਤਿਕ ਗੁਣਾਂ ਦਾ ਧਾਰਨੀ ਬਣਦਾ ਹੈ ਤੇ ਨਾਮ ਸਿਮਰਨ ਕਰਦਾ ਹੈ :-

"ਜੋ ਤਨੁ ਤੇ ਅਪਨੋ ਕਰ ਮਾਨਿਓ ਅਰੁ ਸੁੰਦਰ ਗ੍ਰਿਹਿ ਨਾਰੀ॥7

ਗੁਰੂ ਜੀ ਮਨੁੱਖ ਨੂੰ ਵਾਰ ਵਾਰ ਸੰਕੇਤ ਕਰਦੇ ਹਨ ਕਿ ਮਨੁੱਖੀ ਜੀਵਨ ਥੋੜ ਚਿਰਾ ਹੈ। ਸੰਸਾਰਿਕ ਅਵਸਥਾ ਨਾਲ ਮੋਹ ਮਨੁੱਖ ਨੂੰ ਮੁਕਤੀ ਦੇ ਰਸਤੇ ਤੋਂ ਭਟਕਾਉਂਦਾ। ਇਸ ਲਈ ਗੁਰੂ ਜੀ ਇਨਾ ਸਭ ਬੁਰਾਈਆਂ ਤੋਂ ਬਚਣ ਲਈ ਤਾਕੀਦ ਕਰਦੇ ਹਨ -:

" ਪਾਪੀ ਹੀਐ ਮੈਂ ਕਾਮੁ ਬਸਾਇ॥

ਮਨੁ ਚੰਚਲ ਯਾ ਤੇ ਗਹਿਓ ਨ ਜਾਇ॥ ਰਹਾਉ॥

- ਸਾਧੋ ਮਨ ਕਾ ਮਾਨੁ ਤਿਆਗਉ॥

ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ

ਭਾਗਉ॥ਰਹਾਉ॥8

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਨੁਸਾਰ ਮਨੁੱਖੀ ਮਨ ਅਨੈਤਿਕਤਾ ਨਾਲ ਤਾਂ ਹੀ ਜੁੜਦਾ ਜਦੋਂ ਉਹ ਪ੍ਰਭੂ ਭਗਤੀ ਨੂੰ ਵਿਸਾਰ ਦਿੰਦਾ ਹੈ ਤੇ ਮਾਇਆ ਪਿੱਛੇ ਦੌੜਨ ਲੱਗਦਾ ਹੈ। ਮਾਇਆ ਮਨੁੱਖ ਨੂੰ ਗਲਤ ਰਸਤੇ ਤੇ ਲਿਜਾ ਕੇ ਵਿਕਾਰਾਂ ਵਿੱਚ ਫਸਾ ਲੈਂਦੀ ਹੈ। ਮਾਇਆ ਪਿੱਛੇ ਭੱਜਦੇ ਮਨੁੱਖ ਦੀ ਬੁੱਧੀ ਖਰਾਬ ਹੋ ਜਾਂਦੀ ਹੈ ਤੇ ਮਨੁੱਖ ਗੁਨਾਹਾਂ, ਅਪਰਾਧਾਂ, ਅਤੇ ਭਰਿਸ਼ਟਾਚਾਰੀ ਦੇ ਰਸਤੇ ਤੇ ਚੱਲ ਪੈਂਦਾ ਹੈ। ਗੁਰੂ ਜੀ ਮਨੁੱਖ ਨੂੰ ਇਹਨਾਂ ਚੀਜ਼ਾਂ ਤੋਂ ਬਚਣ ਦੀ ਪ੍ਰੇਰਨਾ ਦਿੰਦੇ ਹਨ ਤੇ ਹਰ ਪਲ ਨੈਤਿਕਤਾ ਨੂੰ ਧਾਰਨ ਕਰਨ ਲਈ ਕਹਿੰਦੇ ਹਨ "ਜਾਗੋ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥9

ਜਦੋਂ ਮਨੁੱਖ ਅਨੈਤਿਕਤਾ ਵਾਲੇ ਗੁਣਾਂ ਦਾ ਧਾਰਨੀ ਹੋ ਜਾਂਦਾ ਹੈ ਤਾਂ ਉਸ ਨੂੰ ਇਹ ਅਨੈਤਿਕ ਜੀਵਨ ਜਿਉਣਾ ਹੀ ਚੰਗਾ ਲੱਗਦਾ ਹੈ, ਤੇ ਉਸਨੂੰ ਨੈਤਿਕਤਾ ਵੱਲ ਜਾਣਾ ਔਖਾ ਲੱਗਦਾ ਹੈ। ਮਾਇਆ ਉਸ ਨੂੰ ਚੰਗੇ ਗੁਣਾਂ ਦਾ ਧਾਰਨੀ ਨਹੀਂ ਬਣ ਦਿੰਦੀ ਤੇ ਉਸ ਨੂੰ ਵਿਕਾਰਾਂ ਵੱਲ ਲੈ ਜਾਂਦੀ ਹੈ। ਉਸ

ਦਾ ਮਨ ਮਾਇਆ ਦੇ ਭਰਮ ਜਾਲ ਵਿੱਚ ਫਸ ਕੇ ਹੰਕਾਰੀ ਤੇ ਕਪਟੀ ਬਣ ਜਾਂਦਾ ਹੈ। ਲੋਭੀ ਤੇ ਕਪਟੀ ਮਨ ਘਧਿੱਤਾਂ ਤੇ ਵਧੀਕੀਆਂ ਕਰਨ ਲੱਗ ਜਾਂਦਾ ਹੈ ਤੇ ਉਹ ਚਾਹੁੰਦਾ ਹੋਇਆ ਵੀ ਇਸ ਜਾਲ ਵਿੱਚੋਂ ਨਹੀਂ ਨਿਕਲ ਸਕਦਾ ਇਸ ਸਬੰਧੀ ਗੁਰੂ ਜੀ ਫਰਮਾਉਂਦੇ ਹਨ :-

" ਜੋ ਜੋ ਕਰਮ ਕੀਓ ਲਾਲਚ ਲਗਿ

ਤਿਹ ਤਹਿ ਆਪ ਬੰਧਾਇਓ॥**9**

ਮਨੁੱਖੀ ਮਨ ਸੰਸਾਰਕ ਪਦਾਰਥਾਂ ਤੇ ਮਾਇਆ ਨੂੰ ਹੀ ਉੱਤਮ ਸਮਝਣ ਲੱਗ ਜਾਂਦਾ ਹੈ ਜਦੋਂ ਕਾਮ ਕ੍ਰੋਧੀਆਂ ਮਨੁੱਖ ਤੇ ਹਾਵੀ ਹੋ ਜਾਂਦੀਆਂ ਹਨ ਤਾਂ ਮਨੁੱਖ ਨੂੰ ਨੈਤਿਕਤਾ ਦੀ ਸਮਝ ਨਹੀਂ ਆਉਂਦੀ ਤੇ ਉਸਦੀ ਪਰਮਾਤਮਾ ਤੋਂ ਦੂਰੀ ਵਧਣ ਲੱਗਦੀ ਹੈ :- " ਕਾਮ ਕ੍ਰੋਧ ਮੋਹ ਬਸ ਪ੍ਰਾਨੀ ਹਰ ਮੂਰਿਤ

ਬਿਸਰਾਈ॥**10**

ਜਦੋਂ ਮਨੁੱਖ ਵਿੱਚ ਵਿਕਾਰ ਹਾਵੀ ਹੋ ਜਾਂਦੇ ਹਨ ਤਾਂ ਇਹਨਾਂ ਦੀ ਦਲਦਲ ਵਿੱਚੋਂ ਨਿਕਲਣਾ ਮਨੁੱਖ ਨੂੰ ਔਖਾ ਹੋ ਜਾਂਦਾ ਹੈ ਫਿਰ ਲੱਖ ਕੋਸ਼ਿਸ਼ ਦੇ ਬਾਵਜੂਦ ਵੀ ਮਨੁੱਖ ਇਸ ਭਟਕਣਾ ਚੋਂ ਬਾਹਰ ਨਹੀਂ ਆ ਸਕਦਾ :-

" ਮਨ ਮੂਰਖ ਅਜਹੂ ਨਾ ਸਮਝਤ ਸਿੱਖ ਦੇ ਹਾਰਿਓ ਨੀਤ॥**11**

ਦੁਨਿਆਵੀ ਚਿੱਕੜ ਦੀ ਦਲ ਦਲ ਵਿੱਚ ਫਸ ਕੇ ਮਨੁੱਖ ਅਨੈਤਿਕ ਬਧੀਆਂ ਨੂੰ ਗ੍ਰਹਿਣ ਕਰਦਾ ਚਲਾ ਜਾਂਦਾ ਹੈ। ਉਸ ਦਾ ਨੈਤਿਕ ਸੁਭਾਅ ਉਸਨੂੰ ਵਿਸ਼ੇ- ਵਿਕਾਰਾਂ ਵੱਲ ਪ੍ਰੇਰਦਾ ਹੈ

" ਸਾਧੋ ਇਹ ਮਨੁ ਗਹਿਓ ਨ ਜਾਈ ਲਾਲ

ਚੰਚਲ ਤ੍ਰਿਸ਼ਨਾ ਸੰਗਿ ਬਸਤੂ ਹੈ ਯਾ ਤੇ ਥਿਰ ਨਰਗਈ

ਕਠਨ ਕ੍ਰੋਧ ਘਟ ਹੀ ਕੇ ਭੀਤਰਿ ਜਹਿ ਸੁਧਿ ਸਭ ਬਿਸਰਾਈ।

ਰਤਨੁ ਗਿਆਨੁ ਸਭ ਮਨ ਕੋ ਹਰਿ ਲੀਨਾ ਤਾ ਸਿਉ ਕੁਛ ਨਾ ਬਸਾਈ ॥**12**

ਗੁਰੂ ਜੀ ਅਨੁਸਾਰ ਜਿਸ ਵਿਅਕਤੀ ਵਿੱਚ ਨੈਤਿਕ ਗੁਣ ਹਨ ਉਹੀ ਵਿਅਕਤੀ ਸੱਚਾ ਹੈ ਸਾਧੂ ਹੈ ਜੋਗੀ ਹੈ। ਜੇ ਮਨੁੱਖ ਵਿੱਚ ਸ਼ਹਿਨਸ਼ੀਲਤਾ, ਧੀਰਜ, ਦਇਆ,ਕੁਰਬਾਨੀ,ਨਿਡਰਤਾ, ਅਤੇ ਨਿਰਲੇਪਤਾ ਵਰਗੇ ਨੈਤਿਕ ਗੁਣ ਹਨ ਤਾਂ ਹੀ ਉਹ ਪ੍ਰਭੂ ਭਗਤੀ ਵਿੱਚ ਲੀਨ ਹੋ ਸਕਦਾ ਹੈ । ਜੇ ਉਹ ਸਰਬੱਤ ਦਾ ਭਲਾ ਮੰਗਦਾ ਹੈ ਪ੍ਰਭੂ ਦੇ ਹੁਕਮ ਦੀ ਪਾਲਣਾ ਕਰਦਾ ਹੈ ਪ੍ਰਭੂ ਤੇ ਭਰੋਸਾ ਕਰਦਾ ਹੈ ਤਾਂ ਹੀ ਉਹ ਸੱਚਾ ਸਿੱਖ ਹੈਲਈ

" ਜੋ ਨਰੁ ਦੁਖੁ ਮੇਂ ਦੁਖੁ ਨਾਹੀ ਮਾਨੈ ॥

ਸੁਖ ਸਨੇਹੁ ਅਰੁ ਭੈ ਨਹੀ ਜਾ ਕੈ

ਕੰਚਨ ਮਾਟੀ ਮਾਨੈ॥ਰਹਾਉ॥....

- ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੇ

ਨਿਰਾਸਾ॥

ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ

ਬ੍ਰਹਮੁ ਨਿਵਾਸਾ॥ **13**

ਗੁਰੂ ਤੇਗ ਬਹਾਦਰ ਜੀ ਆਪਣੀ ਬਾਣੀ ਰਾਹੀਂ ਦੂਜੇ ਦੀ ਭਲਾਈ ਦੀ ਲੋਚਾ ਕਰਦੇ ਹਨ। ਉਹ ਚੇਸ਼ਟਾ ਕਰਦੇ ਹਨ ਕਿ ਮਨੁੱਖ ਜੋ ਦੁੱਖ ਦਰਦ ਇਕੱਠੀਆਂ ਆਈਆਂ ਭੋਗ ਰਿਹਾ ਹੈ, ਉਹਨਾਂ ਤੋਂ ਉਸਨੂੰ ਛੁਟਕਾਰਾ ਮਿਲੇ ਤੇ ਉਹ ਆਪਣਾ ਜੀਵਨ ਖੁਸ਼ੀਆਂ ਵਿੱਚ ਰਹਿ ਕੇ ਬਤੀਤ ਕਰ ਸਕੇ :-

" ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥

ਕਹੁ ਨਾਨਕ ਸੁਨੁ ਰੇ ਮਨਾ ਤਿਹ ਸਿਮਰਤ ਗਤਿ ਹੋਇ॥**13**

" ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ।

ਇਹ ਮਾਰੁਗੁ ਸੰਸਾਰ ਕੋ ਨਾਨਕ ਥਿਰ ਨਹੀ ਕੋਇ॥**14**

ਗੁਰੂ ਜੀ ਵਾਰ ਵਾਰ ਇਹ ਦ੍ਰਿੜ ਕਰਵਾਉਂਦੇ ਹਨ ਕਿ ਪਰਮਾਤਮਾ ਮਨੁੱਖ ਦੇ ਹਰ ਸਮੇਂ ਅੰਦਰ ਬ੍ਰਿਜ ਮਾਣ ਹੈ ਜੇ ਮਨੁੱਖ ਚਾਹੇ ਤਾਂ ਉਹ ਪ੍ਰਭੂ ਭਗਤੀ ਕਰਕੇ ਪ੍ਰਭੂ ਨਾਲ ਮੇਲ ਕਰ ਸਕਦਾ ਹੈ ਜਦੋਂ ਉਹ ਪ੍ਰਭੂ ਭਗਤੀ ਵਿੱਚ ਲੀਨ ਹੋ ਜਾਂਦਾ ਹੈ ਤਾਂ ਪ੍ਰਭੂ ਉਸਨੂੰ ਆਪਣੇ ਵਿੱਚ ਸਮਾ ਲੈਂਦਾ ਹੈ ਇਸ ਲਈ ਗੁਰੂ ਜੀ ਮਨੁੱਖ ਨੂੰ ਨਾਮ ਜਪਣ ਲਈ ਕਹਿੰਦੇ ਹਨ ਤੇ ਅਨਮੋਲ ਜੀਵਨ ਨੂੰ ਵਿਅਰਥ ਨਾ ਗਾਉਣ ਦੀ ਸਿੱਖਿਆ ਦਿੰਦੇ ਹਨ -:

" ਸਾਧੋ ਗੋਬਿੰਦ ਕੇ ਗੁਨ ਗਾਵਉ॥
ਮਾਨਸ ਜਨਮ ਅਮੋਲਕੁ ਪਾਇਓ ਬਿਰਥਾ ਨਹਿ ਗਵਾਵਉ ॥
ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ॥
ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ॥**15**

ਗੁਰੂ ਤੇਗ ਬਹਾਦਰ ਜੀ ਨੇ ਮਨੁੱਖ ਦੀ ਨਾਸ਼ਮਾਨਤਾ ਨੂੰ ਦਰਸਾ ਕੇ ਪ੍ਰਭੂ ਦੀ ਸ਼ਰਨ ਪੈਣ ਦੀ ਸਿੱਖਿਆ ਦਿੱਤੀ ਹੈ। ਉਹ ਫਰਮਾਉਂਦੇ ਹਨ ਕਿ ਪ੍ਰਭੂ ਨੇ ਸੰਸਾਰ ਦੀ ਅਦਭੁਤ ਰਚਨਾ ਕੀਤੀ ਹੈ, ਜਦੋਂ ਸਾਨੂੰ ਪਤਾ ਹੀ ਹੈ ਕਿ ਇੱਕ ਦਿਨ ਅਸੀਂ ਇਸ ਸੰਸਾਰ ਤੋਂ ਚਲੇ ਜਾਣਾ ਹੈ, ਪਰ ਫਿਰ ਵੀ ਮਨੁੱਖ ਨੂੰ ਸਮਝ ਨਹੀਂ ਆਉਂਦੀ। ਇਸ ਸੰਸਾਰ ਵਿੱਚ ਇੱਕ ਮਨੁੱਖ ਦੂਜੇ ਮਨੁੱਖ ਦੀਆਂ ਅੱਖਾਂ ਦੇ ਸਾਹਮਣੇ ਮਰਦਾ ਹੈ, ਪਰ ਦੂਜਾ ਉਸ ਨੂੰ ਮਰਦਾ ਦੇਖਣ ਦੇ ਬਾਵਜੂਦ ਵੀ ਆਪਣੇ ਆਪ ਨੂੰ ਸਦਾ ਟਿਕਿਆ ਰਹਿਣ ਵਾਲਾ ਸਮਝਦਾ ਹੈ । ਮਨੁੱਖ ਦੁਨਿਆਵੀ ਪਦਾਰਥਾਂ ਵਿੱਚ ਇਨਾ ਰੁਝ ਗਿਆ ਹੈ ਕਿ ਉਸਨੇ ਪਰਮਾਤਮਾ ਨੂੰ ਹੀ ਭੁਲਾ ਦਿੱਤਾ ਹੈ। ਉਹ ਫਰਮਾਉਂਦੇ ਹਨ ਕਿ ਜਿਵੇਂ ਬੱਦਲ ਦੀ ਛਾਂ ਹਮੇਸ਼ਾ ਸਥਿਰ ਨਹੀਂ ਰਹਿੰਦੀ, ਉਸੇ ਤਰ੍ਹਾਂ ਆਪਣੇ ਸਰੀਰ ਨੇ ਵੀ ਸਥਿਰ ਨਹੀਂ ਰਹਿਣਾ, ਇਸਨੇ ਇੱਕ ਦਿਨ ਮਿੱਟੀ ਵਿੱਚ ਮਿਲ ਜਾਣਾ:-

" ਸਾਧੋ ਰਚਨਾ ਰਾਮ ਬਨਾਈ॥
ਇਕੁ ਬਿਨਸੈ ਇਕੁ ਅਸਥਿਰੁ ਮਾਨੈ ਅਸਚਰਜ ਲਖਿਓ ਨ ਜਾਈ ॥
ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥
ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ॥
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥
ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ॥**16**

ਗੁਰੂ ਜੀ ਫਰਮਾਉਂਦੇ ਹਨ ਕਿ ਇਸ ਸੰਸਾਰ ਵਿੱਚ ਪਿਆਰ ਬਿਲਕੁਲ ਝੂਠਾ ਹੈ। ਭਾਵੇਂ ਪੁਰਸ਼ ਹੈ, ਭਾਵੇਂ ਇਸਤਰੀ ਹੈ ਸਾਰੇ ਆਪਣੇ ਸਵਾਰਥ ਕਰਕੇ ਇੱਕ ਦੂਜੇ ਨਾਲ ਤੁਰੇ ਫਿਰਦੇ ਹਨ, ਪਰ ਅੰਤਿਮ ਸਮੇਂ ਸਾਥੀ ਕੋਈ ਨਹੀਂ ਬਣਦਾ। ਜਦੋਂ ਮਨੁੱਖ ਪਰਮਾਤਮਾ ਦੀ ਸਿਫਤ ਸਲਾਹ ਕਰਦਾ ਹੈ। ਉਸ ਦਾ ਉਸ ਦੇ ਗੁਣ ਗਾਇਨ ਕਰਦਾ ਹੈ ਹੈ ਤਾਂ ਹੀ ਉਹ ਸਮੁੰਦਰ ਰੂਪੀ ਸੰਸਾਰ ਤੋਂ ਪਾਰ ਲੰਘ ਸਕਦਾ ਹੈ :-

" ਜਗਤ ਮਹਿ ਝੂਠੀ ਦੇਖੀ ਪ੍ਰੀਤ ॥
ਆਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ॥
ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ॥
ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ॥
ਮਨ ਮੂਰਖ ਅਜਹੂ ਨਾ ਸਮਝਤ ਸਿਖ ਦੇ ਹਾਰਿਓ ਨੀਤ ॥
ਨਾਨਕ ਭਉਜਲੁ ਪਾਰ ਪਰੈ ਜਿਉ ਗਾਵੈ ਪ੍ਰਭ ਕੇ ਗੀਤ॥**17**

ਗੁਰੂ ਜੀ ਫਰਮਾਉਂਦੇ ਹਨ ਕਿ ਹੇ ਮਨੁੱਖ ਸੁਣ ਜਿਹੜਾ ਮਨੁੱਖ ਕਿਸੇ ਨੂੰ ਨਾ ਹੀ ਡਰਾਉਂਦਾ ਤੇ ਨਾ ਹੀ ਕਿਸੇ ਦੇ ਡਰਾਵਿਆਂ ਤੋਂ ਡਰਦਾ ਹੈ ਉਹ ਆਤਮਿਕ ਸੂਝ ਵਾਲਾ ਵਿਅਕਤੀ ਹੁੰਦਾ ਹੈ ਲਈ

" ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥**18**

ਗੁਰੂ ਜੀ ਅਨੁਸਾਰ ਜੋ ਮਨੁੱਖ ਮਾਇਆ ਤੋਂ ਦੂਰ ਰਹਿੰਦਾ ਹੈ ਉਸ ਨੂੰ ਤਿਆਗ ਦਿੰਦਾ ਹੈ ਲੋਭ ਮੋਹ ਹੰਕਾਰ ਨੂੰ ਵੀ ਤਿਆਗ ਦਿੰਦਾ ਹੈ ਉਹ ਇਸ ਸੰਸਾਰ ਰੂਪੀ ਸਮੁੰਦਰ ਤੋਂ ਤਰ ਜਾਂਦਾ ਹੈ ਅਤੇ ਉਹ ਆਪ ਵੀ ਵਿਕਾਰਾਂ ਤੋਂ ਬਚ ਜਾਂਦਾ ਹੈ , ਤੇ ਦੂਜਿਆਂ ਨੂੰ ਵੀ ਵਿਕਾਰਾਂ ਤੋਂ ਬਚਾ ਲੈਂਦਾ ਹੈ।

" ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥
ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ॥19

ਉਹ ਕਹਿੰਦੇ ਹਨ ਕਿ ਹੇ ਮਨੁੱਖ ਜਿਵੇਂ ਪਾਣੀ ਦਾ ਬੁਲਬਲਾ ਸਦਾ ਪੈਦਾ ਹੁੰਦਾ ਹੈ ਤੇ ਨਾਸ ਹੁੰਦਾ ਰਹਿੰਦਾ ਹੈ, ਤੇਵੇ ਹੀ ਪਰਮਾਤਮਾ ਨੇ ਸੰਸਾਰ ਦੀ ਇਹ ਖੇਡ ਰਚਾਈ ਹੈ ਇਹ ਬਹੁਤਾ ਚਿਰ ਰਹਿਣ ਵਾਲੀ ਨਹੀਂ-:

" ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥20

ਗੁਰੂ ਜੀ ਫਰਮਾਉਂਦੇ ਹਨ ਕਿ ਹੇ ਭਾਈ ਕਿ ਪਰਮਾਤਮਾ ਦਾ ਭਜਨ ਛੱਡ ਕੇ ਮਨੁੱਖ ਤੀਰਥ ਇਸ਼ਨਾਨ ਕਰਦਾ ਹੈ ਵਰਤ ਰੱਖਦਾ ਹੈ ਤਾਂ ਪੁੰਨ ਕਰਦਾ ਹੈ ਪਰ ਮਨ ਦਾ ਹੰਕਾਰ ਨਹੀਂ ਛੱਡਦਾ। ਇਹ ਸਭ ਕਰਕੇ ਉਸ ਵਿੱਚ ਹੰਕਾਰ ਪੈਦਾ ਹੋ ਜਾਂਦਾ ਹੈ ਹੈ, ਕਿ ਉਹ ਬਹੁਤ ਵੱਡਾ ਧਰਮੀ ਬਣ ਗਿਆ ਪਰ ਇਸ ਤਰਾਂ ਕਰਨ ਨਾਲ ਉਸਦੇ ਇਹ ਕੀਤੇ ਹੋਏ ਸਾਰੇ ਕਰਮ ਇਉ ਵਿਅਰਥ ਚਲੇ ਜਾਂਦੇ ਹਨ ਜਿਵੇਂ ਹਾਥੀ ਦਾ ਕੀਤਾ ਹੋਇਆ ਇਸ਼ਨਾਨ। ਹਾਥੀ ਨਾ ਧੋ ਕੇ ਫਿਰ ਮਿੱਟੀ ਵਿੱਚ ਲਿਟ ਜਾਂਦਾ ਹੈ। ਇਸ ਤਰ੍ਹਾਂ ਹਾਥੀ ਦਾ ਸਾਰਾ ਕੁਝ ਵਿਅਰਥ ਹੋ ਜਾਂਦਾ ਹੈ-:

" ਤੀਰਥ ਬਰਤ ਅਰੁ ਦਾਨ ਕਰਿ ਮਨ ਮਹਿ ਧਰੈ ਗੁਮਾਨ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨ॥21

ਗੁਰੂ ਜੀ ਦੀ ਬਾਣੀ ਵਿੱਚ ਮਨ ਨੂੰ ਵਾਰ ਵਾਰ ਸੰਬੋਧਿਤ ਕੀਤਾ ਗਿਆ ਹੈ ਜਿਸ ਦਾ ਮੁੱਖ ਕਾਰਨ ਮਨ ਨੂੰ ਨਕਾਰਤਮਕ ਕਾਰਜਾਂ ਪ੍ਰਤੀ ਸੁਚੇਤ ਕਰਕੇ ਉਸਨੂੰ ਸਕਾਰਆਤਮਕ ਕਾਰਜਾਂ ਰਾਹੀਂ ਜਾਗਰਤ ਕਰਨਾ ਹੈ ਇਸ ਸੰਬੋਧਨ ਵਿੱਚ ਵਰਜਣਾ ਵੀ ਹੈ ਪ੍ਰੇਰਨਾ ਵੀ ਹੈ ਤੇ ਉਪਦੇਸ਼ ਵੀ। ਗੁਰੂ ਸਾਹਿਬ ਬਹੁਤ ਵੱਡੇ ਮਨੋਵਿਗਿਆਨੀ ਵੀ ਸਨ। ਮਨੁੱਖੀ ਮਨ ਦੀਆਂ ਜੋ ਪਰਤਾਂ ਹਨ ਉਹਨਾਂ ਦਾ ਗਿਆਨ ਗੁਰੂ ਜੀ ਨੂੰ ਸੀ। ਗੁਰੂ ਜੀ ਕਹਿੰਦੇ ਹਨ ਕਿ ਜਿਨਾਂ ਦਾ ਮਨ ਪਾਪਾਂ ਨਾਲ ਭਰਿਆ ਹੁੰਦਾ ਹੈ ਉਹਨਾਂ ਤੇ ਉਪਦੇਸ਼ਾਂ ਦਾ ਕੋਈ ਅਸਰ ਨਹੀਂ ਹੁੰਦਾ। ਮਨ ਮਨੁੱਖ ਨੂੰ ਜ਼ੁਲਮ ਕਰਨ ਤੋਂ ਨਹੀਂ ਰੋਕ ਸਕਦਾ। ਇਹ ਮਨ ਹੀ ਹੈ ਜੋ ਅਨੇਕਾਂ ਬੁਰਾਈਆਂ ਨੂੰ ਜਨਮ ਦਿੰਦਾ ਹੈ ਮਨ ਨੂੰ ਤਕੜਾ ਕਰਕੇ ਕਰੜਾ ਕਰਕੇ ਉਸ ਨੂੰ ਬਾਣੀ ਨਾਲ ਹੀ ਜਾਗਰਤ ਕੀਤਾ ਜਾ ਸਕਦਾ ਹੈ। ਨੈਤਿਕ ਮੁੱਲਾਂ ਨਾਲ ਹੀ ਮਨ ਦੀ ਮੈਲ ਧੋਤੀ ਜਾ ਸਕਦੀ ਹੈ। ਮਨੁੱਖ ਅੰਦਰ ਕੋਈ ਬੁਰਾ ਖਾਰਮ ਕਰਨ ਦੀ ਰੁਚੀ ਨਾ ਪੈਦਾ ਹੋਵੇ ਇਸ ਲਈ ਉਹ ਆਪਣੀ ਬਾਣੀ ਰਾਹੀਂ ਮਨੁੱਖ ਨੂੰ ਸੁਚੇਤ ਕਰਦੇ ਹਨ :--

" ਨਰ ਅਚੇਤ ਪਾਪ ਤੇ ਡਰੁ ਰੇ॥
ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ ॥22

ਗੁਰੂ ਗੁਰੂ ਜੀ ਨੇ ਸਭ ਤੋਂ ਵੱਧ ਆਪਣੇ ਮਨ ਨੂੰ ਕੰਟਰੋਲ ਵਿੱਚ ਰੱਖਣ ਦਾ ਸੰਦੇਸ਼ ਦਿੱਤਾ ਹੈ। ਕਿਉਂਕਿ ਉਹ ਆਪਣੇ ਮਨ ਨਾਲ ਹੀ ਪ੍ਰਭੂ ਪਰਮਾਤਮਾ ਦਾ ਅਨੁਭਵ ਕਰ ਸਕਦਾ ਹੈ। ਇਸ ਕਰਕੇ ਗੁਰੂ ਸਾਹਿਬ ਨੇ ਮਨ ਨੂੰ ਪ੍ਰਭੂ ਪ੍ਰਾਪਤੀ ਲਈ ਸਭ ਤੋਂ ਉੱਤਮ ਮੰਨਿਆ ਹੈ। ਉਸਨੇ ਮਨ ਨੂੰ ਪਰਮਾਤਮਾ ਵਿੱਚ ਲੀਨ ਰਹਿਣ ਦੀ ਸਿੱਖਿਆ ਦਿੱਤੀ ਹੈ। ਮਨੁੱਖੀ ਮਨ ਲਈ ਗੁਰੂ ਸਾਹਿਬ ਦਾ ਉਪਦੇਸ਼ ਹੈ

" ਮਨ ਰੇ ਸਾਚਾ ਗਹੁ ਬਿਚਾਰਾਲਾਲ
ਰਾਮ ਨਾਮ ਬਿਨ ਮਿਥਿਆ ਮਾਨੋ ਇਹੁ ਸੰਸਾਰਾ ॥23

- ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਨੈਤਿਕਤਾ ਇੱਕ ਅਧਿਆਤਮਕ ਅਤੇ ਵਿਹਾਰਿਕ ਸੰਕਲਪ ਹੈ। ਜੋ ਮਾਇਆ ਤੋਂ ਨਿਰਲੇਪਤਾ ਦੁੱਖ ਸੁਖ ਸਮਾਨਤਾ ਅਤੇ ਪ੍ਰਭੂ ਭਗਤੀ ਨੂੰ ਉਜਾਗਰ ਕਰਦੀ ਹੈ। ਇਹ ਬਾਣੀ ਨਾ ਕੇਵਲ ਵਿਅਕਤੀ ਨੂੰ ਮੁਕਤੀ ਵੱਲ ਲੈ ਜਾਂਦੀ ਹੈ ਬਲਕਿ ਸਮਾਜ ਨੂੰ ਨੈਤਿਕ ਮੁੱਲ ਵੀ ਸਿਖਾਉਂਦੀ ਹੈ। ਗੁਰੂ ਜੀ ਦੀ ਸ਼ਹਾਦਤ ਵੈਰਾਗ ਨੂੰ ਧਰਮ ਰੱਖਿਆ ਨਾਲ ਜੋੜ ਕੇ ਅਮਰ ਕਰਦੀ ਹੈ। ਅੱਜ ਵੀ ਇਹ ਬਾਣੀ ਮਨੁੱਖ ਨੂੰ ਸੰਸਾਰੀ ਮੋਹ ਤੋਂ ਮੁਕਤ ਕਰਨ ਵਾਲੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਡਾਕਟਰ ਕ੍ਰਿਸ਼ਨਾ ਕਲਸੀਆ, ਗੁਰੂ ਰਵਿਦਾਸ ਜੀ ਦਾ ਭਗਤੀ ਮਾਰਗ, ਪੰਨਾ, 361

2 ਮਨਜੀਤ ਸਿੰਘ, ਧਰਮ ਦਰਸ਼ਨ ਪੰਨਾ, 28

3 ਡਾਕਟਰ ਕ੍ਰਿਸ਼ਨਾ ਕਲਸੀਆ ਗੁਰੂ ਰਵਿਦਾਸ ਜੀ ਦਾ ਭਗਤੀ ਮਾਰਗ ਪੰਨਾ, 363.

4 ਗੁਰੂ ਗ੍ਰੰਥ ਸਾਹਿਬ ਪੰਨਾ, 658

5 ਉਹੀ ਪੰਨਾ,1159

6 ਉਹੀ ਪੰਨਾ 1,429

7 ਉਹੀ ਪੰਨਾ,220

8 ਉਹੀ ਪੰਨਾ,1186

9 ਉਹੀ ਪੰਨਾ,702

10 ਉਹੀ ਪੰਨਾ, 119

11 ਉਹੀ ਪੰਨਾ,536

12 ਉਹੀ ਪੰਨਾ, 219

13 ਉਹੀ ਪੰਨਾ,1426

14 ਉਹੀ ਪਨਾ, 1429

15 ਉਹੀ ਪੰਨਾ, 219.

16 ਉਹੀ ਪੰਨਾ 219

17 ਉਹੀ ਪੰਨਾ 536

18 ਉਹੀ ਪੰਨਾ 147

19 ਉਹੀ ਪੰਨਾ 1227

20 ਉਹੀ ਪੰਨਾ 1427

21 ਉਹੀ ਪੰਨਾ 1428

22 ਉਹੀ ਪੰਨਾ, 220

23 ਉਹੀ ਪੰਨਾ,103.

**Copyright & License:**
© Authors retain the copyright of this article. This work is published under the Creative Commons Attribution 4.0 International License (CC BY 4.0), permitting unrestricted use, distribution, and reproduction in any medium, provided the original work is properly cited.